ਗੁਰਸ਼ਰਨ ਸਿੰਘ


11.5.96

## ਨਾਟਕ-ਸੇਠ ਲਖੂਭਾਈ ਬਨਾਮ ਚੰਦਰਾਸਵਾਮੀ ਬਨਾਮ ਭਾਰਤ ਦੇ ਲੋਕ

ਨਾਟਕ ਸ਼ੁਰੂ ਹੋਣ 'ਤੇ ਲਖੂਭਾਈ ਚੰਦਰਾਸਵਾਮੀ ਨਾਲ ਗੱਲਬਾਤ ਕਰ ਰਿਹਾ ਹੈ।

- ਮੈਂ ਇਕ ਗੁਜਰਾਤੀ ਸੇਠ ਹਾਂ, ਪੈਸਾ ਕਮਾਉਣਾ ਮੇਰਾ ਧਰਮ ਹੈ।

-ਮੈਂ ਚੰਦਰਾਸਵਾਮੀ ਹਾਂ। ਇੱਕ ਤਾਂਤਰਿਕ ਹਾਂ। ਜੇ ਪੈਸਾ ਕਮਾਉਣਾ ਤੇਰਾ ਧਰਮ ਹੈ ਤਾਂ ਮੈਂ ਤੇਰੇ ਇਸ ਧਰਮ ਕਾਰਜ ਵਿਚ ਤੇਰੀ ਮਦਦ ਕਰ ਸਕਦਾ ਹਾਂ।

- ਉਹ ਕਿਵੇਂ ?

-ਸਰਕਾਰੇ ਦਰਬਾਰੇ ਮੇਰੀ ਪਹੁੰਚ ਏ। ਪ੍ਰਧਾਨ ਮੰਤਰੀ ਮੇਰੇ ਅੱਗੇ ਡੰਡੌਤ ਕਰਦਾ ਹੈ। ਮੰਤਰੀਆਂ ਦੇ ਸਿਰਾਂ 'ਤੇ ਪੈਰ ਰੱਖਕੇ ਮੈਂ ਉਹਨਾਂ ਨੂੰ ਅਸ਼ੀਰਵਾਦ ਦੇਂਦਾ ਹਾਂ।

-ਮੈਂ ਵੀ ਡੰਡੌਤ ਕਰਾਂਗਾ, ਮੈਨੂੰ ਵੀ ਅਸ਼ੀਰਵਾਦ ਦੇਵੋ।

-ਤੇਰੀ ਡੰਡੌਤ ਤਾਂ ਮਨਜ਼ੂਰ ਹੋਵੇਗੀ ਜੇ ਤੂੰ ਆਪਣੇ ਧਰਮ ਕਾਰਜ ਦੇ ਮੁਨਾਫੇ ਵਿਚੋਂ ਸਾਡੇ ਧਰਮ ਕਾਰਜ ਲਈ ਸਾਨੂੰ ਹਿੱਸਾ ਦੇਵੇ।

-ਤੁਸੀਂ ਤਾਂ ਤਾਂਤਰਿਕ ਸਵਾਮੀ ਹੋ, ਪੈਸੇ ਨਾਲ ਤੁਹਾਡਾ ਮੋਹ ਕਿਉਂ ?

-ਮੈਂ ਲੋਕਾਂ ਲਈ ਤਾਂਤਰਿਕ ਸਵਾਮੀ ਹਾਂ, ਪਰ ਵਿਉਪਾਰੀਆਂ ਲਈ ਮੈਂ ਵਿਉਪਾਰੀ ਹਾਂ।

- ਮੈਨੂੰ ਕਿੰਨਾ ਹਿੱਸਾ ਦੇਣਾ ਪਏਗਾ ?

- ਇੱਕ ਲੱਖ ਡਾਲਰ।

- ਇਹ ਤਾਂ ਬਹੁਤ ਏ।

- ਤੂੰ ਦਸ ਲੱਖ ਡਾਲਰ ਕਮਾਵੇਂਗਾ।

- ਏਨਾਂ ਕਿਸ ਤਰ੍ਹਾਂ ਕਮਾਵਾਂਗਾਂ ?

-ਭਾਰਤ ਸਰਕਾਰ ਸਾਧਨ ਮੁਹੱਈਆ ਕਰੇਗੀ।

-ਭਾਰਤ ਸਰਕਾਰ ਏਨਾਂ ਪੈਸਾ ਕਿੱਥੋਂ ਲਿਆਵੇਗੀ ?

- ਲੋਕਾਂ ਦੀ ਛਿੱਲ ਲਾਹੇਗੀ। ਹੁਣ ਭਾਰਤ ਵਿਚ ਜਿਹੜਾ ਬੱਚਾ ਪੈਦਾ ਹੁੰਦਾ ਹੈ, ਉਹ 4 ਹਜ਼ਾਰ ਬਦੇਸ਼ੀ ਕਰਜ਼ੇ ਥੱਲੇ ਹੁੰਦਾ ਹੈ, ਫੇਰ ਉਹ 5 ਹਜ਼ਾਰ ਥੱਲੇ ਹੋ ਜਾਵੇਗਾ। ਕੀ ਫਰਕ ਪੈਂਦਾ ਹੈ ?

- ਹਾਂ ਕੀ ਫਰਕ ਪੈਂਦਾ ਹੈ, ਪਰ ਇਹ ਪੈਸਾ ਮੇਰੇ ਕੋਲੋਂ ਤੁਸੀਂ ਕਦੋ ਲਵੋਗੇ ?

-ਤੂੰ ਇਹ ਇੱਕ ਲੱਖ ਮੈਨੂੰ ਪਹਿਲੇ ਦੇਵੇਗਾ ਕਿਉਂਕਿ ਜਿਨਾਂ ਕੋਲੋਂ ਕੰਮ ਕਰਵਾਉਣਾ, ਉਹਨਾਂ ਨੂੰ ਪਹਿਲੇ ਦੇਣਾ ਪੈਂਦਾ ਏ। ਮਨਜ਼ੂਰ ?

-ਮਨਜ਼ੂਰ।

- ਇਹ ਰਕਮ ਤੂੰ ਮਾਮਾ ਜੀ ਨੂੰ ਦੇਵੇਂਗਾ, ਮੈਂ ਆਪ ਪੈਸੇ ਨੂੰ ਹੱਥ ਨਹੀਂ ਲਗਾਉਂਦਾ। ਇਹ ਸਾਡਾ ਤਾਂਤਰਿਕ ਧਰਮ ਏ।

- ਪਰ ਇਹ ਦੀ ਗਵਾਹੀ ?

-ਗਵਾਹ ਭਾਰਤ ਦਾ ਬਦੇਸ਼ ਮੰਤਰੀ ਹੋਵੇਗਾ ਤੇ ਮੇਰੀ ਭਵਿੱਖਬਾਣੀ ਕਹਿੰਦੀ ਏ ਕਿ ਉਹ ਕਿਸੇ ਵੇਲੇ ਪ੍ਰਧਾਨ ਮੰਤਰੀ ਬਣੇਗਾ ? ਜੇ ਨਹੀਂ ਬਣੇਗਾ ਤਾਂ ਅਸੀਂ ਬਣਵਾ ਦੇਵਾਂਗੇ। ਅਸੀਂ ਰੱਬੀ ਮਨੁੱਖ ਹਾਂ। (ਦੋਨੋਂ ਬਾਹਰ ਜਾਂਦੇ ਹਨ। ਮੰਚ ਥੋੜ੍ਹੀ ਦੇਰ ਲਈ ਖਾਲੀ ਹੈ। ਪਿਛੋਂ ਹਨੇਰੀ ਦੀ ਸ਼ਾਂ ਸ਼ਾਂ ਦੀ ਅਵਾਜ਼ ਆਂਦੀ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਸਮਾਂ ਲੰਘ ਗਿਆ ਹੈ। ਦੋਨੋਂ ਪਾਤਰ ਫੇਰ ਆਂਦੇ ਹਨ। ਲਖੂ ਭਾਈ ਗੁੱਸੇ ਵਿਚ ਹੈ।)

- ਸਵਾਮੀ, ਤੂੰ ਮੇਰੇ ਨਾਲ ਧੋਖਾ ਕੀਤਾ ਹੈ, ਮੈਂ ਤੇਰੇ ਤੇ 420 ਦਾ ਮੁਕੱਦਮਾ ਚਲਾਵਾਂਗਾ। ਤੈਨੂੰ ਜੇਲ ਭਿਜਵਾਵਾਂਗਾ।

- ਭਾਰਤ ਵਿਚ ਕੌਣ ਜੰਮਿਆ ਹੈ, ਜੋ ਮੈਨੂੰ ਹੱਥ ਲਾਵੇ

(ਦੋਨੋਂ ਮਾਈਮ ਕਰਦੇ ਹਨ, ਜਿਸ ਤਰ੍ਹਾਂ ਲਖੂ ਭਾਈ ਕਹਿ ਰਿਹਾ ਹੋਵੇ ਕਿ ਮੈਂ ਤੈਨੂੰ ਦੇਖ ਲਵਾਂਗਾ ਤੇ ਚੰਦਰਾਸਵਾਮੀ ਕਹਿ ਰਿਹਾ ਹੋਵੇ ਕਿ ਤੇਰੇ ਵਰਗੇ ਕਈ ਆਏ ਤੇ ਕਈ ਚਲੇ ਗਏ। ਫੇਰ ਪਿਛੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਦੋਨੋਂ ਪਾਤਰ ਬੁੱਤ ਬਣ ਜਾਂਦੇ ਹਨ )

ਪਹਿਲੀ ਖਬਰ-ਨਿਆਂਪਾਲਕਾ ਨੇ ਫੈਸਲਾ ਕਰ ਲਿਆ ਹੈ ਕਿ ਉਹ ਆਪਣਾ ਫਰਜ਼ ਨਿਭਾਏਗੀ।

ਦੂਜੀ ਖਬਰ- ਰਾਜੇਸ਼ ਪਾਇਲਟ ਨੇ ਚੰਦਰਾਸਵਾਮੀ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ।

ਤੀਜੀ ਖਬਰ- ਰਾਜੇਸ਼ ਪਾਇਲਟ ਕੋਲੋਂ ਗ੍ਰਹਿ ਮਹਿਕਮਾ ਖੋਹ ਲਿਆ ਗਿਆ ਹੈ।

ਚੌਥੀ ਖਬਰ- ਲੋਕ ਹੈਰਾਨ ਹਨ ਕਿ ਉਤਲੇ ਲੋਕ ਏਨੇ ਘਾਲੇਮਾਲੇ ਕਰ ਸਕਦੇ ਹਨ ਕਿ ਲੱਖਾਂ ਡਾਲਰ ਜੇਬਾਂ ਵਿਚ ਪਾ ਲੈਣ।

ਪੰਜਵੀਂ ਖਬਰ- ਚੰਦਰਾਸਵਾਮੀ ਦੀ ਗ੍ਰਿਫਤਾਰੀ ਲਈ ਹੁਕਮ ਕੱਢ ਦਿੱਤਾ ਗਿਆ ਹੈ। (ਦੋਨੋਂ ਪਾਤਰਾਂ ਵਿਚੋਂ ਲਖੂਭਾਈ ਖੁਸ਼ ਹੈ। ਚੰਦਰਾਸਵਾਮੀ ਤਿਲਮਿਲਾ ਰਿਹਾ ਹੈ। ਹੁਣ ਉਹਦੀ ਗਰਦਨ ਦੀ ਨਾੜ ਚੜ੍ਹ ਗਈ ਹੈ। ਦੋਨੋਂ ਬਾਹਰ ਜਾਂਦੇ ਹਨ ਪਰ ਚੰਦਰਾਸਵਾਮੀ ਇਹ ਵਾਰਤਾਲਾਪ ਬੋਲਦਾ ਹੈ।)

ਚੰਦਰਾਸਵਾਮੀ- ਮੈਨੂੰ ਕੁੱਝ ਹੋਇਆ ਤਾਂ ਮੈਂ ਪ੍ਰਧਾਨ ਮੰਤਰੀ ਨੂੰ ਨੰਗਾ ਕਰ ਦੇਵਾਂਗਾ।

ਪਿੱਛੋਂ ਆਵਾਜ਼ - ਚੰਦਰਾਸਵਾਮੀ, ਜੇ ਤੂੰ ਮੈਨੂੰ ਨੰਗਾ ਕਰੇਂਗਾ ਤਾਂ ਮੈਂ ਅੱਗੇ ਪਿੱਛੇ ਹੱਥ ਰੱਖਕੇ ਨੰਗੇਜ ਢੱਕ ਲਵਾਂਗਾ। ਨੇਤਾ ਗਿਰੀ ਦਾ ਇਹ ਦਸਤੂਰ ਹੈ।

ਸੂਤਰਧਾਰ- (ਮੰਚ 'ਤੇ ਆਕੇ) ਇਹ ਨਾਟਕ ਭਾਰਤ ਦੀ ਅਸਲੀਅਤ ਹੈ। ਖਬਰਾਂ ਆਉਂਦੀਆਂ ਹਨ ਕਿ ਘੁਟਾਲੇ ਫੜੇ ਗਏ। ਮੰਤਰੀਆਂ ਕੋਲੋਂ ਅਸਤੀਫੇ ਲੈ ਲਏ ਗਏ। ਉਹ ਜੇਲ੍ਹ ਭੇਜ ਦਿੱਤੇ ਗਏ। ਉਹ ਜ਼ਮਾਨਤ 'ਤੇ ਰਿਹਾ ਕਰ ਦਿੱਤੇ ਗਏ। ਫੇਰ ਲੰਮੇ ਮੁਕੱਦਮੇ ਚਲਣਗੇ ਲੋਕ ਭੁਲ ਭੁਲਾ ਜਾਣਗੇ। ਚੰਦਰਾਸਵਾਮੀ ਚਲਾ ਜਾਵੇਗਾ। ਉਹਨਾਂ ਦੀ ਥਾਂ ਕੋਈ ਸੂਰਜਸਵਾਮੀ ਲੈ ਲਵੇਗਾ। ਇਹ ਸਿਲਸਿਲਾ ਜਾਰੀ ਰਹੇਗਾ ਫੇਰ ਲੋਕ ਕੀ ਕਰਨ ? ਹਵਾ ਵਿਚ ਲਟਕਦਾ ਇਹ ਸਵਾਲ ਹੈ।


*ਖਬਰਾਂ ਆਉਂਦੀਆਂ ਹਨ ਕਿ ਘੁਟਾਲੇ ਫੜੇ ਗਏ। ਮੰਤਰੀਆਂ ਕੋਲੋਂ ਅਸਤੀਫੇ ਲੈ ਲਏ ਗਏ। ਉਹ ਜੇਲ੍ਹ ਭੇਜ ਦਿੱਤੇ ਗਏ। ਉਹ ਜ਼ਮਾਨਤ 'ਤੇ ਰਿਹਾ ਕਰ ਦਿੱਤੇ ਗਏ। ਫੇਰ ਲੰਮੇ ਮੁਕੱਦਮੇ ਚਲਣਗੇ ਲੋਕ ਭੁਲ ਭੁਲਾ ਜਾਣਗੇ। ਚੰਦਰਾਸਵਾਮੀ ਚਲਾ ਜਾਵੇਗਾ। ਉਹਨਾਂ ਦੀ ਥਾਂ ਕੋਈ ਸੁਰਜਸਵਾਮੀ ਲੈ ਲਵੇਗਾ। ਇਹ ਸਿਲਸਿਲਾ ਜਾਰੀ ਰਹੇਗਾ ਫੇਰ ਲੋਕ ਕੀ ਕਰਨ ? ਹਵਾ ਵਿਚ ਲਟਕਦਾ ਇਹ ਸਵਾਲ ਹੈ।*


(ਲੋਕ ਕੀ ਕਰਨ ? ਲੋਕ ਕੀ ਕਰਨ ??? ਆਵਾਜ਼ ਦੀ ਗੂੰਜ ਹੈ)

- ਹਵਾ ਵਿੱਚ ਲਟਕਿਆ ਇਹ ਸਵਾਲ ਸੱਪਸ਼ਟ ਜਵਾਬ ਦੀ ਮੰਗ ਕਰਦਾ ਹੈ। ਇਹ ਸਿਸਟਮ ਭ੍ਰਿਸ਼ਟਿਆ ਵੀ ਗਿਆ ਹੈ। ਤੇ ਸਿਉਂਕਿਆ ਵੀ ਗਿਆ ਹੈ। ਸਿਉਂਕ ਦਾ ਕੀ ਇਲਾਜ ਹੈ।

(ਸਿਉਂਕ ਦਾ ਕੀ ਇਲਾਜ ਹੈ ? ਕੀ ਇਲਾਜ ਹੈ ???? ਆਵਾਜ਼ ਦੀ ਗੂੰਜ ਹੈ)

- ਉਸ ਥਾਂ ਨੂੰ ਅੱਗ ਲਾ ਦੇਵੋ, ਜਿਥੋਂ ਇਹ ਜਨਮ ਲੈਂਦੀ ਹੈ।

(ਅੱਗ, ਅੱਗ ਦੀ ਪ੍ਰਤਿਧੁੰਨੀ ਸਾਰੀ ਫਿਜ਼ਾ ਵਿਚ ਫੈਲ ਜਾਂਦੀ ਹੈ) ਤੇ

- ਤੇ ਸਿਆਸੀ ਸ਼ਬਦਾਵਲੀ ਇਸ ਅੱਗ ਦਾ ਨਾਂ ਹੈ ਬੁਨਿਆਦੀ ਤਬਦੀਲੀਆਂ ਵਾਲਾ ਇਨਕਲਾਬ। ਇਨਕਲਾਬ ਜੋ ਹਰ ਉਸ ਚੀਜ਼ ਨੂੰ ਖ਼ਤਮ ਕਰੇਗਾ, ਜੋ ਗ਼ਲਤ ਹੈ।

(ਅੱਜ, ਅੱਗ ਦੀ ਪ੍ਰਤਿਧੁੰਨੀ ਜਾਰੀ ਹੈ, ਜਦੋਂ ਨਾਟਕ ਖ਼ਤਮ ਹੁੰਦਾ ਹੈ) - ਸਰਕੰਡੇ ਨੂੰ

ਵੇ ਸਰਕੰਡਿਓ, ਜੇ ਤੁਸਾਂ, ਛਿਲਣੋਂ ਨਾ ਹਟਣਾ
ਅੱਗਾਂ ਵਾਲਿਆਂ ਨੇ
ਜੜ੍ਹੋਂ ਕੱਢ ਕੱਢ ਅੱਗਾਂ ਲਾ ਦੇਣੀਆਂ ਨੇਂ।

*(ਅਨਿਰੁਧ ਦੀ ਇਕ ਕਵਿਤਾ)*

### ਪਿਛਲੇ ਸ਼ਬਦ ਚੱਕਰ ਦਾ ਉੱਤਰ

**ਪਾਸੇ ਨੂੰ :** 2. ਨਿਪਟਾਰਾ, 4. ਕਤੀੜ, 7. ਆਬਸ਼ਾਰ, 9. ਅਤਿਕਥਨੀ, 12. ਲਾਜਵਾਬ, 14. ਰਾਮਜ਼ਾਨ, 16. ਆਰਾਕਸ਼, 18. ਕਲਾ, 20. ਸਤਰ, 22. ਮਸ਼ਾਲਚੀ, 24. ਜ਼ਾਬਤਾ, 26. ਨਦੀ, 27. ਦੀਮਕ, 28. ਮਟਕਾ

**ਥੱਲੇ ਨੂੰ :** 1. ਹਰਿਆਣਾ, 2. ਨਿਆਂਸ਼ਾਲਾ, 3. ਟਾਟ, 5. ਤੀਰਥ, 6. ਸਤਿ, 8. ਰਜਨੀਸ਼, 10. ਅਬਰਕ, 13. ਕਰਜ਼ਾ, 15. ਬਰਾਤ, 16. ਮਲਾਮਤ, 17. ਆਸਤੀਨ, 19. ਚੀਚੀ, 21. ਪਤਾਮ, 23. ਲਸਣ, 25. ਬਦੀ


ਬਾਬਾ ਸੋਹਣ ਸਿੰਘ ਭਕਨਾ ਭਵਨ, 29-ਡੀ, ਚੰਡੀਗੜ੍ਹ ਲਈ ਪ੍ਰਕਾਸ਼ਿਤ ਕੀਤਾ।